ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ......1015......    ਮਿਤੀ: ......05/4/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 03/04/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 23 ਮਿਤੀ 03/04/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਪਿੱਠ ਅੰਕਣ ਨੰ: 1016-1019    ਮਿਤੀ: 05/4/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in


ਮਿਤੀ: 03-04-2023 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1. | 23, 03.04.2023 | ਰਿਪੋਰਟ ਵੱਲੋਂ ਐਮ.ਟੀ.ਪੀ. ਨਗਰ ਨਿਗਮ ਫਗਵਾੜਾ ਕਿ ਸੈਲਫ ਸਰਟੀਫਿਕੇਸ਼ਨ ਰਾਂਹੀ ਰਿਹਾਇਸ਼ੀ ਨਕਸ਼ਿਆਂ ਦੀ ਪ੍ਰਵਾਨਗੀ ਇਸ ਦਫਤਰ ਦੇ ਪੱਤਰ ਨੰ. 670 ਮਿਤੀ 02/03/2023 ਰਾਂਹੀ ਵਿਸ਼ੇ ਅਧੀਨ ਮਾਮਲੇ ਸਬੰਧੀ ਹੇਠ ਲਿਖਤ ਸੁਝਾਅ ਸਰਕਾਰ ਨੂੰ ਭੇਜੇ ਗਏ ਸਨ:-<br>1. ਸਕੀਮ ਅੰਦਰ ਬਿਨੈਕਾਰ ਵੱਲੋਂ ਪ੍ਰਾਪਤ ਤਜਵੀਜ ਦੀ ਵੈਰੀਫਿਕੇਸ਼ਨ ਲਈ ਸਮਰੱਥ ਅਥਾਰਟੀ ਨੂੰ 7 ਦਿਨ ਦਾ ਸਮਾਂ ਦਿੱਤਾ ਗਿਆ ਹੈ ਜੋ ਕਿ ਘੱਟ ਹੈ। ਕਿਉਂਕਿ ਸ਼ਹਿਰੀ ਸਥਾਨਕ ਸੰਸਥਾਵਾਂ ਅੰਦਰ ਸਟਾਫ ਦੀ ਘਾਟ/ਰੁਟੀਨ ਦੇ ਕੰਮਾਂ ਦਾ ਜਿਆਦਾ ਬੋਝ ਹੋਣ ਕਾਰਣ ਜਾਂ ਸਬੰਧਤ ਵੈਬਸਾਈਟ ਅੰਦਰ ਕਈ ਵਾਰ ਤਕਨੀਕੀ ਖਰਾਬੀ ਆਉਣ ਕਾਰਣ ਕਈ ਵਾਰ ਪ੍ਰਾਪਤ ਤਜਵੀਜ ਨੂੰ ਵੈਰੀਫਾਈ ਕਰਨ ਲਈ 7 ਦਿਨ ਤੋਂ ਵੱਧ ਦਾ ਸਮਾਂ ਲੱਗ ਜਾਂਦਾ ਹੈ। ਇਸ ਲਈ ਪ੍ਰਾਪਤ ਤਜਵੀਜ ਦੀ ਵੈਰੀਫਿਕੇਸ਼ਨ ਕਰਨ ਲਈ ਸਮੇਂ ਦੀ ਮਿਆਦ ਘੱਟੋ-ਘੱਟ 15 ਦਿਨ ਦੇਣੀ ਬਣਦੀ ਹੈ।<br>2. ਬਿਲਡਿੰਗ ਦੀ ਉਸਾਰੀ ਦੌਰਾਨ ਉਸਾਰੀ ਦੇ ਪਲਿੰਥ ਲੈਵਲ, ਡੋਰ ਲੈਵਲ ਅਤੇ ਸਲੈਬ ਲੈਵਲ ਤੇ ਉਸਾਰੀਕਾਰ ਮਾਲਕ ਅਤੇ ਸਬੰਧਤ ਆਰਕੀਟੈਕਟ/ਪ੍ਰੋਫੈਸਨਲ ਵੱਲੋਂ ਸਰਟੀਫਿਕੇਟ ਸਮੇਤ ਮੌਕੇ ਦੀਆਂ ਤਸਵੀਰਾਂ ਦੇਣ ਲਈ ਜਰੂਰੀ ਕੀਤਾ ਜਾਣਾ ਬਣਦਾ ਹੈ ਕਿ ਉਸਾਰੀ ਮੌਕੇ ਤੇ ਪਾਸ ਨਕਸ਼ੇ ਮੁਤਾਬਿਕ ਕੀਤੀ ਜਾ ਰਹੀ ਹੈ।<br>3. ਬਿਲਡਿੰਗ ਦੀ ਉਸਾਰੀ ਦੌਰਾਨ ਜੇਕਰ ਸਬੰਧਤ ਆਰਕੀਟੈਕਟ/ਪ੍ਰੋਫੈਸ਼ਨਲ ਵੱਲੋਂ ਸਬੰਧਤ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਮਾਰਤ ਦੇ ਮਾਲਕ ਵੱਲੋਂ ਸਬੰਧਤ ਆਰਕੀਟੈਕਟ ਦੀਆਂ ਹੋਰ ਸੇਵਾਵਾਂ ਨਹੀਂ ਲਈਆਂ ਜਾ ਰਹੀਆਂ ਹਨ ਅਤੇ ਉਸ ਵੱਲੋਂ ਉਸਾਰੀ ਬਿਨ੍ਹਾਂ ਸਬੰਧਤ ਆਰਕੀਟੈਕਟ ਤੋਂ ਹੀ ਕੀਤੀ ਜਾ ਰਹੀ ਹੈ | ------ | ਸੂਚਨਾ ਹਿੱਤ। |

| | | | | |
|---|---|---|---|---|
| | | ਅਤੇ ਜੇਕਰ ਉਹ ਉਸਾਰੀ ਪ੍ਰਵਾਨ ਨਕਸ਼ੇ ਦੇ ਵਿਰੁੱਧ ਕੀਤੀ ਜਾ ਰਹੀ ਹੈ ਤਾਂ ਉਸ ਸਥਿਤੀ ਵਿੱਚ ਸਬੰਧਤ ਉਸਾਰੀ ਵਿਰੁੱਧ ਰੂਲਾਂ ਅਨੁਸਾਰ ਜੋ ਵੀ ਕਾਰਵਾਈ ਸਬੰਧਤ ਵਿਭਾਗ ਵੱਲੋਂ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਸਬੰਧਤ ਉਸਾਰੀਕਾਰ ਮਾਲਕ ਪਾਸੋਂ ਉੱਚਿਤ ਨਿਰਧਾਰਤ ਫੀਸ ਬਤੌਰ penalty ਵਸੂਲਣ ਤੇ ਵਿਚਾਰਿਆ ਜਾਣਾ ਬਣਦਾ ਹੈ ਤਾਂ ਜੋ ਕੋਈ ਉਸਾਰੀਕਾਰ ਮਾਲਕ ਪ੍ਰਵਾਨ ਕੀਤੇ ਨਕਸ਼ੇ ਅਨੁਸਾਰ ਹੀ ਉਸਾਰੀ ਕਰਨ ਦਾ ਪਾਬੰਦ ਰਹੇ ਅਤੇ ਉਸ ਵਿੱਚ ਉਹ ਕਿਸੇ ਤਰ੍ਹਾਂ ਦੀ ਬਾਈਲਾਜ/ਰੂਲਾਂ ਵਿਰੁੱਧ ਉਲੰਘਣਾ ਨਾ ਕਰੇ।<br><br>ਉਪਰੋਕਤ ਦੇ ਮੱਦੇਨਜਰ ਜੇਕਰ ਪ੍ਰਵਾਨ ਹੋਵੇ ਤਾਂ ਪੱਤਰ ਨੰ. 670 ਮਿਤੀ 02/03/2023 ਰਾਂਹੀ ਸੈਲਫ-ਸਰਟੀਫਿਕੇਸ਼ਨ ਸਕੀਮ ਅਧੀਨ ਸਰਕਾਰ ਨੂੰ ਭੇਜੇ ਗਏ ਤਜਵੀਜਤ ਸੁਝਾਵਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਂਦੀ ਹੈ। ਇਥੇ ਇਹ ਦੱਸਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ. 5/71/2017/MEO/DA/334 ਮਿਤੀ 23 ਮਾਰਚ, 2020 ਰਾਂਹੀ ਨਗਰ ਨਿਗਮ ਹਾਊਸ ਦੀਆਂ ਸ਼ਕਤੀਆਂ ਕਮਿਸ਼ਨਰ, ਨਗਰ ਨਿਗਮ ਨੂੰ ਦੇ ਦਿੱਤੀਆਂ ਹਨ। ਇਸ ਲਈ ਉਕਤ ਅਨੁਸਾਰ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | | |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।